# ਸ਼ੇਖ ਫ਼ਰੀਦ - ਸਬਦ ੨੧

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ ॥
ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੭੮

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ ॥
ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ ॥੧੭॥

ਸਾਰ: ਹਰ ਸ਼ੈ, ਭਾਵੇਂ ਕਿੰਨੀ ਵੀ ਛੋਟੀ ਜਾਂ ਨਿਮਰ, ਮਹੱਤਵਪੂਰਨ ਜਾਂ ਮਾਮੂਲੀ, ਸ਼ੁੱਧ ਜਾਂ ਅਸ਼ੁੱਧ ਹੋਵੇ, ਬ੍ਰਹਿਮੰਡੀ ਸੰਤੁਲਨ ਵਿਚ ਭੂਮਿਕਾ ਨਿਭਾਉਂਦੀ ਹੈ। ਆਪਣੇ ਤੋਂ ਨੀਵੇਂ ਲਈ ਹੀਨ ਭਾਵਨਾ ਰੱਖਣਾ ਕਿਸੇ ਦੀ ਅਗਿਆਨਤਾ, ਹੰਕਾਰ ਦਾ ਪ੍ਰਗਟਾਵਾ ਕਰਦਾ ਹੈ ਜੋ ਉਸ ਦੀ ਹੋਂਦ ਦੀ ਏਕਤਾ ਤੋਂ ਵੱਖ ਹੋਣ ਦਾ ਪ੍ਰਗਟਾਵੇ ਦਾ ਪ੍ਰਮਾਣ ਹੈ। ਜੋ ਮਾਮੂਲੀ ਜਾਪਦਾ ਹੈ ਉਸ ਵਿਚ ਵੀ ਬਾਕੀਮਤੀ ਮਹੱਤਤਾ ਲੁਪਤ ਹੋ ਸਕਦੀ ਹੈ। ਇਹ ਗੂੜ੍ਹ ਚਿੰਤਨ ਉਸ ਹਉਮੈ ਨੂੰ ਨੇਸਤੋ-ਨਾਬੂਦ ਕਰਨ ਦੀ ਸਦ ਹੈ ਜੋ ਸਾਨੂੰ ਦੂਜਿਆਂ ਨੂੰ ਪਰਖਣ ਦੇ ਰਾਹ ਤੋਰਦੀ ਹੈ।

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ ॥
ਫਰੀਦ ਕਹਿੰਦੇ ਹਨ, ਖਾਕ ਦੀ ਨਿੰਦਿਆ ਨਾ ਕਰੋ, ਕਿਉਂਕਿ ਇਸ ਤੋਂ ਮਹੱਤਵਪੂਰਨ ਹੋਰ ਕੁਝ ਨਹੀਂ ਹੈ, ਇਹ ਸ੍ਰਿਸ਼ਟੀ ਦੇ ਹਰ ਤੱਤ ਦੀ ਮਹੱਤਤਾ ਨੂੰ ਦਰਸਾਉਂਦਾ ਹੈ।

ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ ॥੧੭॥
ਜਦੋਂ ਤੱਕ ਅਸੀਂ ਜ਼ਿੰਦਾ ਹਾਂ, ਇਹ ਸਾਡੇ ਪੈਰਾਂ ਹੇਠ ਹੈ; ਮੌਤ ਸਮੇਂ, ਇਹ ਸਾਡੇ ਉੱਤੇ ਹੈ। ਇਹ ਅੰਤਰ ਹਉਮੈ ਬਨਾਮ ਨਿਮਰਤਾ ਦਾ ਪ੍ਰਤੀਕ ਹੈ। (੧੭)

ਤੱਤ: ਸੇਖ ਫਰੀਦ ਨਿਮਰਤਾ ਅਤੇ ਸਵੀਕ੍ਰਿਤੀ ਦੀ ਮਹੱਤਤਾ ਨੂੰ ਉਜਾਗਰ ਕਰਨ ਲਈ ਪੂਰੀ ਸੂਝ ਨਾਲ ਖਾਕ ਦੇ ਬਿੰਬ ਦੀ ਵਰਤੋਂ ਕਰਦੇ ਹਨ। ਖਾਕ ਨੂੰ ਅਕਸਰ ਅਸ਼ੁੱਧ ਅਤੇ ਹੀਣ ਸਮਝਿਆ ਜਾਂਦਾ ਹੈ, ਪਰ ਹੈਰਾਨਗੀ ਇਸ ਗੱਲ ਦੀ ਹੈ ਕਿ ਇਹ ਸਾਡੀ ਸੂਝ ਤੋਂ ਵਧੇਰੇ ਉੱਚੀ ਹੁੰਦੀ ਹੈ। ਜਿਉਂਦੇ ਜੀਅ, ਅਸੀਂ ਬਿਨਾਂ ਸੋਚੇ ਸਮਝੇ, ਇਸਦੀ ਮਹੱਤਤਾ ਨੂੰ ਨਜ਼ਰਅੰਦਾਜ਼ ਕਰਦੇ ਹੋਏ, ਇਸ ਉਪਰ ਤੁਰ ਸਕਦੇ ਹਾਂ, । ਪਰ ਮੌਤ

ਸਮੇਂ, ਸਾਨੂੰ ਇਸ ਦੀ ਗੋਦ ਵਿਚ ਲੇਟਣਾ ਪੈਂਦਾ ਹੈ, ਇਸ ਦਾ ਭਾਵ ਹੈ ਕਿ ਸੁਭਾਵਿਕ ਤੌਰ 'ਤੇ ਸਾਡੀ ਹੋਂਦ ਉਸੇ ਪ੍ਰਕਾਸ਼ਮਾਨ ਜਾਗਰੂਕਤਾ ਦਾ ਪ੍ਰਗਟਾਵਾ ਹੈ। ਇਸ ਅੰਤਰ ਸੰਬੰਧਤਾ ਨੂੰ ਪਛਾਣਦੇ ਹੋਏ, ਅਸੀਂ ਘੱਟ ਨਿਰਣਾਇਕ ਬਣ, ਧਰਾਤਲ ਨਾਲ ਜੁੜ, ਵਧੇਰੇ ਹਾਜ਼ਰਤਾ ਵਿਚ ਜੀਅ ਸਕਦੇ ਹਾਂ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**